# ਉਹ ਨਾਮ, ਯਿਸੂ

ਨਿਆਈਆਂ 13:17-18 ਫੇਰ ਮਾਨੋਆਹ (ਸ਼ਮਸ਼ੂਨ ਦਾ ਪਿਤਾ) ਨੇ ਯਹੋਵਾਹ ਦੇ ਦੂਤ ਨੂੰ ਆਖਿਆ, ਆਪਣਾ ਨਾਉਂ ਦੱਸ ਭਈ ਜਿਸ ਵੇਲੇ ਤੇਰਾ ਆਖਿਆ ਪੂਰਾ ਹੋਵੇ ਤਾਂ ਅਸੀਂ ਤੇਰਾ ਆਦਰ ਭਾਉ ਕਰੀਏ। [18] ਤਾਂ ਯਹੋਵਾਹ ਦੇ ਦੂਤ ਨੇ ਉਸ ਨੂੰ ਕਿਹਾ, ਤੂੰ **ਮੇਰਾ ਨਾਉਂ** ਕਿਉਂ ਪੁੱਛਣਾ ਹੈਂ? ਮੇਰਾ ਨਾਉਂ ਤਾਂ **ਅਚਰਜ** ਹੈ।

- ਇਬਰਾਨੀ ਸ਼ਬਦ ਦਾ ਅਰਥ: ਸਮਝ ਤੋਂ ਪਰੇ

ਯਸਾਯਾਹ 9:6 ਸਾਡੇ ਲਈ ਤਾਂ ਇੱਕ ਬਾਲਕ ਜੰਮਿਆ, ਅਤੇ ਸਾਨੂੰ ਇੱਕ ਪੁੱਤਰ ਬਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ **ਉਹ ਦਾ ਨਾਮ** ਇਉਂ ਸੱਦਿਆ ਜਾਵੇਗਾ, "**ਅਚਰਜ** ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ"।

- ਸੱਚਮੁੱਚ ਉਸ ਦਾ ਨਾਮ ਹੈ ਜਿਸ ਵਿੱਚ ਸਭ ਕੁਝ ਸ਼ਾਮਲ ਹੈ ਅਤੇ ਸਮਝ ਤੋਂ ਪਰੇ ਹੈ

ਮੱਤੀ 1:21 ਅਤੇ ਉਹ ਪੁੱਤਰ ਜਣੇਗੀ ਅਤੇ **ਤੂੰ ਉਹ ਦਾ ਨਾਮ ਯਿਸੂ ਰੱਖੀ** ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।

ਫਿਲਿੱਪੀਆਂ 2:5-11 ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ [6] ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿੱਚ
ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। [7] ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ
ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ [8] ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ
ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈ ਸਗੋਂ ਸਲੀਬ ਦੀ ਮੌਤ ਤਾਈ ਆਗਿਆਕਾਰ ਬਣਿਆ। [9] ਇਸ ਕਾਰਨ
**ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ** ਅਤੇ ਉਸ ਨੂੰ ਉਹ **ਨਾਮ** ਦਿੱਤਾ ਜਿਹੜਾ **ਸਭਨਾਂ ਨਾਮਾਂ ਤੋਂ ਉੱਤਮ ਹੈ**।
[10] ਭਈ **ਯਿਸੂ ਦਾ ਨਾਮ ਲੈ ਕੇ** . . . ਹਰ ਗੋਡਾ ਨਿਵਾਇਆ ਜਾਵੇ [11] ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ
ਵਡਿਆਈ ਲਈ ਮੰਨ ਲਵੇ ਜੋ **ਯਿਸੂ ਮਸੀਹ ਪ੍ਰਭੂ ਹੈ**!

ਅਫਸੀਆਂ 1:20-23 ਜਿਹੜਾ ਉਹ ਨੇ ਮਸੀਹ ਵਿੱਚ ਕੀਤਾ ਜਦ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ
ਥਾਵਾਂ ਵਿੱਚ ਆਪਣੇ ਸੱਜੇ ਹੱਥ ਬਹਾਲਿਆ। [21] ਉਹ ਹਰੇਕ ਹਕੂਮਤ ਇਖ਼ਤਿਆਰ ਕੁਦਰਤ ਰਿਆਸਤ ਅਤੇ **ਹਰੇਕ ਨਾਉਂ**
**ਦੇ ਉਤਾਹਾਂ** ਹੈ **ਜੋ** ਨਾ ਕੇਵਲ ਇਸ ਜੁੱਗ ਵਿੱਚ ਸਗੋਂ ਆਉਣ ਵਾਲੇ ਜੁੱਗ ਵਿੱਚ ਭੀ **ਲਈਦਾ ਹੈ** [22] ਅਤੇ ਸੱਭੋ ਕੁਝ ਉਸ ਦੇ
ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸਿਯਾ ਲਈ ਦੇ ਦਿੱਤਾ। [23] ਇਹ ਉਸ
ਦੀ ਦੇਹ ਹੈ ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿੱਚ ਸੱਭੋ ਕੁਝ ਭਰਦਾ ਹੈ।

ਪਤਰਸ ਨੇ ਇਹ ਸਮਝਿਆ:
ਰਸੂਲਾਂ ਦੇ ਕਰਤੱਬ 3:6 ਪਰ ਪਤਰਸ ਨੇ ਆਖਿਆ, ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ। **ਯਿਸੂ ਮਸੀਹ ਨਾਸਰੀ ਦੇ ਨਾਮ ਨਾਲ** ਤੁਰ ਫਿਰ !

ਰਸੂਲਾਂ ਦੇ ਕਰਤੱਬ 3:16 **ਉਹ ਦੇ ਨਾਮ ਉੱਤੇ ਨਿਹਚਾ ਕਰਨ ਕਰਕੇ ਉਹ ਦੇ ਨਾਮ** ਹੀ ਨੇ ਐਸ ਮਨੁੱਖ ਨੂੰ ਜਿਹ ਨੂੰ ਤੁਸੀਂ ਵੇਖਦੇ ਅਤੇ ਜਾਣਦੇ ਹੋ ਤਕੜਾ ਕੀਤਾ। ਹਾਂ, **ਉੱਸੇ ਨਿਹਚਾ ਨੇ ਜਿਹੜੀ ਉਹ ਦੇ ਦੁਆਰੇ ਤੋਂ ਹੈ** ਇਹ ਪੂਰੀ ਤੰਦਰੁਸਤੀ ਤੁਸਾਂ ਸਭਨਾਂ ਦੇ ਸਾਹਮਣੇ ਉਸ ਨੂੰ ਦਿੱਤੀ।

ਰਸੂਲਾਂ ਦੇ ਕਰਤੱਬ 4:10-12 ਤਾਂ ਤੁਸਾਂ ਸਭਨਾਂ ਨੂੰ ਅਤੇ ਇਸਰਾਏਲ ਦਿਆਂ ਸਾਰਿਆਂ ਲੋਕਾਂ ਨੂੰ ਮਲੂਮ ਹੋਵੇ ਕਿ **ਯਿਸੂ ਮਸੀਹ ਨਾਸਰੀ ਦੇ ਨਾਮ ਨਾਲ** ਜਿਹ ਨੂੰ ਤੁਸਾਂ ਸਲੀਬ ਉੱਤੇ ਚੜ੍ਹਾਇਆ ਅਤੇ ਜਿਹ ਨੂੰ ਪਰਮੇਸ਼ੁਰ ਨੇ ਮੁਰਦਿਆਂ ਵਿੱਚੋਂ ਜਿਵਾਲਿਆ ਉੱਸੇ ਤੋਂ ਇਹ ਮਨੁੱਖ ਤੁਹਾਡੇ ਸਾਹਮਣੇ ਚੰਗਾ ਭਲਾ ਖੜਾ ਹੈ। [12] ਅਰ **ਕਿਸੇ ਦੂਏ ਤੋਂ ਮੁਕਤੀ ਨਹੀਂ** ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ **ਕੋਈ ਦੂਜਾ ਨਾਮ ਨਹੀਂ** ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।

ਫਿਲਿੱਪੁਸ ਨੇ ਇਹ ਸਮਝਿਆ:
ਰਸੂਲਾਂ ਦੇ ਕਰਤੱਬ 8:12 ਪਰ ਜਾਂ ਉਨ੍ਹਾਂ ਨੇ ਫ਼ਿਲਿੱਪੁਸ ਦੀ ਪਰਤੀਤ ਕੀਤੀ ਜੋ ਪਰਮੇਸ਼ੁਰ ਦੇ ਰਾਜ ਅਤੇ **ਯਿਸੂ ਮਸੀਹ ਦੇ ਨਾਮ** ਦੀ ਖੁਸ਼ ਖਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਇਸਤਰੀਆਂ ਬਪਤਿਸਮਾ ਲੈਣ ਲੱਗੇ।

ਪੌਲੁਸ ਨੇ ਇਹ ਸਮਝਿਆ:
ਰਸੂਲਾਂ ਦੇ ਕਰਤੱਬ 9:27 ਪਰ ਬਰਨਬਾਸ ਉਹ ਨੂੰ ਰਸੂਲਾਂ ਦੇ ਕੋਲ ਲੈ ਗਿਆ ਅਤੇ ਉਨ੍ਹਾਂ ਨੂੰ ਦੱਸਿਆ ਭਈ ਉਹ ਨੇ ਕਿਸ ਪਰਕਾਰ ਰਾਹ ਵਿੱਚ ਪ੍ਰਭੂ ਨੂੰ ਡਿੱਠਾ ਸੀ ਅਤੇ ਉਸ ਨੇ ਉਹ ਦੇ ਨਾਲ ਗੱਲਾਂ ਕੀਤੀਆਂ ਅਤੇ ਉਹ ਕਿਸ ਤਰਾਂ ਦੰਮਿਸਕ ਵਿੱਚ **ਯਿਸੂ ਦੇ ਨਾਮ** ਉੱਤੇ **ਬੇਧੜਕ ਬਚਨ ਕਰਦਾ ਸੀ**।

ਚੇਲਿਆਂ ਨੇ ਇਹ ਸਮਝਿਆ:
ਲੂਕਾ 10:17-19 ਓਹ ਸੱਤਰ ਅਨੰਦ ਨਾਲ ਮੁੜੇ ਅਰ ਬੋਲੇ ਕਿ ਪ੍ਰਭੂ ਜੀ **ਤੇਰੇ ਨਾਮ** ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ! [18] ਉਸ ਨੇ ਉਨ੍ਹਾਂ ਨੂੰ ਆਖਿਆ, ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਡਿੱਗਾ ਹੋਇਆ ਡਿੱਠਾ।

ਕਹਾਉਤਾਂ 18:10 **ਯਹੋਵਾਹ ਦਾ ਨਾਮ** ਇੱਕ ਪੱਕਾ ਬੁਰਜ ਹੈ, ਧਰਮੀ ਭੱਜ ਕੇ ਉਹ ਦੇ ਵਿੱਚ ਜਾਂਦਾ ਤੇ **ਬਚਿਆ** (ਸ਼ਾਬਦਿਕ: ਉਤਾਂਹ ਉਠਾਇਆ) ਰਹਿੰਦਾ ਹੈ।

ਰੋਮੀਆਂ 10:13 **ਕਿਉਂ ਜੋ ਹਰੇਕ ਜਿਹੜਾ ਪ੍ਰਭੂ ਦਾ ਨਾਮ ਲਵੇਗਾ ਉਹ ਬਚਾਇਆ ਜਾਵੇਗਾ**।

ਰੋਮੀਆਂ 10:9 ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ **ਪ੍ਰਭੂ ਯਿਸੂ** ਦਾ ਇਕਰਾਰ ਕਰੇਂ ਅਤੇ ਆਪਣੇ **ਹਿਰਦੇ** ਨਾਲ **ਮੰਨ** ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ।

1 ਤਿਮੋਥਿਉਸ 2:5 ਕਿਉਂ ਜੋ **ਪਰਮੇਸ਼ੁਰ ਇੱਕੋ** ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ **ਇੱਕੋ ਵਿਚੋਲਾ** ਹੈ ਜਿਹੜਾ ਆਪ ਮਨੁੱਖ ਹੈ ਅਰਥਾਤ **ਮਸੀਹ ਯਿਸੂ**।

ਕੁਲੁੱਸੀਆਂ 3:17 ਅਤੇ **ਸਭ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਭਾਵੇਂ ਕਰਮ ਸੱਭੋ ਹੀ ਪ੍ਰਭੂ ਯਿਸੂ** ਦੇ **ਨਾਮ ਉੱਤੇ ਕਰੋ** ਅਰ ਉਹ ਦੇ ਰਾਹੀਂ ਪਿਤਾ ਪਰਮੇਸ਼ੁਰ ਦਾ **ਧੰਨਵਾਦ ਕਰੋ**।

ਮੈਂ ਤੁਹਾਨੂੰ ਉਤਸ਼ਾਹਿਤ ਕਰਾਂਗਾ ਕਿ ਨਾਮ ਪਰਮੇਸ਼ੁਰ ਨੂੰ ਬਦਲ ਕੇ **ਯਿਸੂ** ਵਰਤਣ ਲਈ **ਸਮਰਪਿਤ** ਅਤੇ **ਨਿਸ਼ਚਿਤ ਕੋਸ਼ਿਸ਼** ਕਰੋ।

ਸ਼ਬਦ “ਪਰਮੇਸ਼ੁਰ” ਹਰ ਧਰਮ ਵਿੱਚ ਵਰਤਿਆ ਜਾਂਦਾ ਹੈ ਜੋ ਉਸ ਨੂੰ ਸਬੰਧਿਤ ਕਰਦਾ ਹੈ ਜਿਸ ਦੀ ਉਹ ਅਰਾਧਨਾ ਕਰਦੇ ਹਨ। ਇਸ ਲਈ ਖਾਸ ਰੂਪ ਵਿੱਚ **ਯਿਸੂ** ਨਾਮ ਦੀ ਵਰਤੋਂ ਕਰੋ !

ਉਸ ਦਾ ਨਾਮ ਅਕਸਰ ਦਿਨ ਵਿੱਚ ਲਵੋ। ਇਹ ਤੁਹਾਨੂੰ ਉਸ ਦੇ ਉੱਤੇ ਕੇਂਦ੍ਰਿਤ ਰੱਖੇਗਾ ਅਤੇ ਤੁਹਾਡੇ ਨਾਲ ਉਸ ਦੀ ਹਜ਼ੂਰੀ ਬਾਰੇ ਜਾਗਰੂਕ ਰੱਖੇਗਾ।

ਯਸਾਯਾਹ 12:4-6 ਅਤੇ ਓਸ ਦਿਨ ਤੁਸੀਂ ਆਖੋਗੇ, ਯਹੋਵਾਹ ਦਾ ਧੰਨਵਾਦ ਕਰੋ, **ਉਹ ਦੇ ਨਾਮ ਉੱਤੇ ਪੁਕਾਰੋ**, ਲੋਕਾਂ ਵਿੱਚ ਉਹ ਦੀਆਂ ਕਰਨੀਆਂ ਦੱਸੋ, **ਪਰਚਾਰ ਕਰੋ ਕਿ ਉਹ ਦਾ ਨਾਮ ਉੱਤਮ ਹੈ**। 5 ਯਹੋਵਾਹ ਨੂੰ ਗਾਓ, ਉਸ ਨੇ ਸ਼ਾਨਦਾਰ ਕੰਮ ਜੋ ਕੀਤੇ, ਇਹ ਸਾਰੀ ਧਰਤੀ ਵਿੱਚ ਜਾਣਿਆ ਜਾਵੇ। 6 ਹੇ ਸੀਯੋਨ ਦੀਏ ਵਾਸਣੇ, ਕੂਕ ਮਾਰ ਕੇ ਜੈਕਾਰਾ ਗਜਾ, ਕਿਉਂ ਜੋ ਤੇਰੇ ਵਿੱਚ ਇਸਰਾਏਲ ਦਾ ਪਵਿੱਤਰ ਪੁਰਖ ਮਹਾਨ ਹੈ।

**ਮੇਰੀ ਆਸ ਯਿਸੂ ਦੇ ਲਹੂ** ਅਤੇ **ਧਾਰਮਿਕਤਾ** ਤੋਂ ਬਿਨ੍ਹਾਂ ਹੋਰ ਕਿਸੇ ਚੀਜ਼ ਉੱਤੇ ਨਹੀਂ ਹੈ। ਮੈਂ ਆਪਣੀ ਤਾਕਤ ਜਾਂ ਦਿਮਾਗ ਉੱਤੇ ਭਰੋਸਾ ਕਰਨ ਦੀ ਹਿੰਮਤ ਨਹੀਂ ਕਰਦਾ ਪਰ **ਪੂਰੀ ਤਰ੍ਹਾਂ ਨਾਲ ਯਿਸੂ ਦੇ ਨਾਮ ਉੱਤੇ ਭਰੋਸਾ ਕਰਦਾ ਹਾਂ**।

ਸਾਡਾ ਪਰਮੇਸ਼ੁਰ ਇੱਕ ਮਜ਼ਬੂਤ ਗੜ੍ਹ ਹੈ

ਉਸ ਦਾ ਨਾਮ ਹੈ ਇੱਕ ਪਵਿੱਤਰ ਪਨਾਹ

NT:2424 Ἰησοῦς (ਯੂਨਾਨੀ) ਉਚਾਰਿਆ ਜਾਂਦਾ: **ਈਏਸੂਸ** (ee-ay-sooce); ਇਬਰਾਨੀ ਦਾ ਮੂਲ {OT:3091}; ਯਿਸੂ (ਜਿਵੇਂ ਕਿ, ਯੇਸ਼ੂਆ), ਸਾਡੇ ਪ੍ਰਭੂ ਅਤੇ ਹੋਰ ਦੋ (ਤਿੰਨ) ਇਸਰਾਏਲੀਆਂ ਦਾ ਨਾਮ:

OT:3091 יְהוֹשׁוּעַ **ਯੇਹੋਸ਼ੂਆਹ** (yeh-ho-shoo-ah); ਜਾਂ **ਯੇਹੋਸ਼ੂਆ** (yeh-ho-shoo-ah); OT:3068 ਅਤੇ OT:3467; ਯਹੋਵਾਹ–ਬਚਾਇਆ; ਯੇਹੋਸ਼ੂਆ (ਜਿਵੇਂ ਕਿ, ਯੋਸ਼ੂਆ), ਯਹੂਦੀ ਆਗੂ: ਯਹੋਸ਼ੁਆ, ਯੋਸ਼ੂਆ। ਤੁਲਨਾ ਕਰੋ OT:1954, OT:3442।